ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਿਜ
ਸਾਦਿਕ ਰੋਡ ਫਰੀਦਕੋਟ- 151203
ਫੋਨ ਨੰ. 01639-256232, 256236 ਫੈਕਸ ਨੰ. 01639-256234
ਵੈਬਸਾਈਟ: www.babafariduniv.com

ਬੀ.ਐਫ.ਯੂ.ਐਚ.ਐਸ (ਯੂ.ਡਬਲਯੂ.ਡੀ.)/2016/ ਮਿਤੀ........................

ਵੱਲ

ਮੈਸ: ਸਨਰਾਈਜ਼ ਐਗਰੀ ਟੈਕ,
ਨੇੜੇ ਗਿਆਨ ਸਾਗਰ ਹੋਸਪੀਟਲ,
ਪਟਿਆਲਾ ਚੰਡੀਗੜ੍ਹ ਰੋਡ, ਪਿੰਡ ਰਾਮ ਨਗਰ,
ਜਿਲ੍ਹਾ ਪਟਿਆਲਾ।

ਵਿਸ਼ਾ:- ਕੰਨਸਟ੍ਰਕਸ਼ਨ ਆਫ ਗਰੀਨ ਹਾਊਸ ਫਾਰ ਦਾ ਡਿਵੈਲਪਮੈਂਟ ਆਫ ਹਰਬਲ ਗਾਰਡਨ ਨੀਅਰ ਅਕੈਡਮਿਕ ਬਲਾਕ ਆਫ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ।

ਵਿਸ਼ੇ ਅੰਕਿਤ ਕੰਮ ਦਾ ਟੈਂਡਰ ਜੋ ਆਪ ਜੀ ਵੱਲੋਂ ਮਿਤੀ 20-11-2015 ਨੂੰ ਦਿੱਤਾ ਗਿਆ ਸੀ, ਦੇ ਅਲਾਟਮੈਂਟ ਪੱਤਰ ਨੰਬਰ BFUHS/UWD/2015/29074 ਮਿਤੀ 30-11-2015 ਆਪ ਜੀ ਨੂੰ ਰਜਿਸਟਰਡ ਪੱਤਰ ਰਾਹੀ ਕੰਮ ਸ਼ੁਰੂ ਕਰਨ ਲਈ ਭੇਜਿਆ ਗਿਆ ਸੀ ਪਰੰਤੂ ਪੋਸਟ ਆਫਿਸ ਵੱਲੋ ਅਨ-ਡੀਲਿਵਰਡ ਲਿਫਾਫਾ ਜਿਸਤੇ "ਇਸ ਨਾਂ ਕੋਈ ਨਹੀਂ ਹੈ" ਆਦਿ ਲਿਖਕੇ ਵਾਪਿਸ ਆਇਆ ਸੀ। ਦੂਸਰੀ ਵਾਰ ਫਿਰ ਪੱਤਰ ਨੰ: BFUHS/UWD/2016/ 5418 ਮਿਤੀ 01-03-2016 ਅਤੇ ਅਲਾਟਮੈਂਟ ਦੀ ਕਾਪੀ ਆਪ ਵੱਲੋ ਟੈਂਡਰ ਵਿਚ ਦਿੱਤੇ ਗਏ ਪਤੇ ਉੱਪਰ ਰਜਿਸਟਰਡ ਪੋਸਟ ਰਾਹੀ ਭੇਜੀ ਗਈ ਪਰੰਤੂ ਫਿਰ ਪੋਸਟ ਆਫਿਸ ਵੱਲੋ ਅਨ-ਡਲੀਵਰਡ ਲਿਫਾਫਾ ਜਿਸਤੇ "ਪਤਾ ਅਧੂਰਾ ਹੈ" ਆਦਿ ਲਿਖਕੇ ਵਾਪਿਸ ਆਇਆ ਹੈ।

ਇਸ ਲਈ ਆਪ ਜੀ ਨੂੰ ਇਕ ਵਾਰ ਫਿਰ ਨਾਲ ਨੱਥੀ ਅਲਾਟਮੈਂਟ ਪੱਤਰ ਨੰਬਰ BFUHS/UWD/ 2015/29074 ਮਿਤੀ 30-11-2015 ਭੇਜਕੇ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਪੱਤਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਆਪ ਤੁਰੰਤ ਕੰਮ ਸ਼ੁਰੂ ਕਰਨ ਦੀ ਖੇਚਲ ਕਰੋ ਅਤੇ ਐਗਰੀਮੈਂਟ ਵੀ ਦਸਤਖਤ ਕਰੋ ਜੋ ਤਿਆਰ ਹੈ। ਅਜਿਹਾ ਨਾਂ ਕਰਨ ਦੀ ਸੂਰਤ ਵਿਚ ਆਪ ਵੱਲੋ ਟੈਂਡਰ ਫਾਰਮ ਨਾਲ ਦਿੱਤੀ ਗਈ ਬਿਆਨਾ ਰਕਮ ਰੁਪਏ 8500/- ਜਬਤ ਕਰਨ ਲਈ ਜਾਵੇਗੀ, ਜਿਸਦੀ ਸਾਰੀ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ ਅਤੇ ਉਸਤੋਂ ਬਾਅਦ ਇਸ ਸਬੰਧੀ ਆਪ ਵੱਲੋ ਦਿੱਤੀ ਕਿਸੇ ਕਿਸਮ ਦੀ ਕੋਈ ਵੀ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ।

ਇਸਨੂੰ ਅਤਿ ਜਰੂਰੀ ਸਮਝਿਆ ਜਾਵੇ।

ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਫਰੀਦਕੋਟ।

ਪਿੱਠ ਅੰਕਣ ਨੰ ਬੀ.ਐਫ.ਯੂ.ਐਚ.ਐਸ./(ਯੂ.ਡਬਲਯੂ.ਡੀ.)/2016/ 8686-89 ਮਿਤੀ 7.6/4/16

ਉਪਰੋਕਤ ਦਾ ਉਤਾਰਾ:-

1) ਕਾਰਜਕਾਰੀ ਇੰਜੀਨੀਅਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਡਾ: ਪ੍ਰਵੀਨ ਬਾਂਸਲ, ਜੁਆਇੰਟ ਡਾਇਰੈਕਟਰ, ਯੂ.ਸੀ.ਈ.ਆਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
3) ਵਿੱਤ ਅਫ਼ਸਰ, ਬੀ.ਐਫੀ.ਯੂ.ਐਸ.ਐਚ, ਫਰੀਦਕੋਟ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
4) ਇੰਚਾਰਜ, ਆਈ.ਟੀ.ਸੈਲ ਵਿਭਾਗ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਦੀ ਕਾਪੀ ਨੂੰ ਯੂਨੀਵਰਸਿਟੀ ਦੀ ਵੈਬਸਾਈਟ ਤੇ ਇਸ਼ਤਿਹਾਰ ਦੇ ਰੂਪ ਵਿਚ ਪਾਉਣ ਦੀ ਕਿਰਪਾਲਤਾ ਕੀਤੀ ਜਾਵੇ ਤਾਂ ਕਿ ਏਜੰਸੀ ਨੂੰ ਜਾਣੂੰ ਕਰਵਾਇਆ ਜਾ ਸਕੇ।

ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਫਰੀਦਕੋਟ।